ਮੰਗਲਵਾਰ

9 , ਮਾਰਚ 2010

26 ਫੱਗਣ ,

ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ

ਅੰਕ ਨੰ. 326,

ਸਾਲ 25

Postal Regd. No.

PB/0007/09-2011

www.ajdiawaaz.com

ਪੰਜਾਬ ਦੀ ਉਮੀਦ

info@ajdiawaaz.com



ਸ਼ਹਿਰ ਤੇ ਆਸ-ਪਾਸ

ਅੱਖਾਂ ਦਾ ਮੁਫ਼ਤ ਮੈਡੀਕਲ ਚੈੱਕਅਪ 3

ਸੰਪਾਦਕੀ

ਪ੍ਰਸ਼ਾਸਨ ਦਾ ਅਣਗਹਿਲੀ ਵਾਲਾ ਵਤੀਰਾ 4



ਸਿੱਖ ਧਰਮ

ਬਾਬਾ ਤੇਗਾ ਸਿੰਘ ਜੀ 8

ਨਾ ਪਾਸ ਹੋ ਸਕਿਆ ਮਹਿਲਾ ਰਾਖਵਾਂਕਰਨ ਬਿੱਲ

ਭਾਰੀ ਸ਼ੋਰ-ਸ਼ਰਾਬੇ ਕਾਰਨ ਕਾਰਵਾਈ ਪੰਜ ਵਾਰੀ ਮੁਲਤਵੀ ਕਰਨੀ ਪਈ

ਮਹਿਲਾ ਬਿਲ ਦਾ ਪਾਸ ਨਾ ਹੋਣਾ, ਦਲਿਤਾਂ ਤੇ ਪੱਛੜੇ ਵਰਗਾਂ ਦੀ ਜਿੱਤ

ਨਵੀਂ ਦਿੱਲੀ, 8 ਮਾਰਚ (ਵਿਸ਼ਵ ਵਾਰਤਾ)- ਅੱਜ ਕੌਮਾਂਤਰੀ ਮਹਿਲਾ ਦਿਵਸ ਉਤੇ ਮਹਿਲਾਵਾਂ ਨੂੰ ਰਾਖਵਾਂਕਰਨ ਦਾ ਤੋਹਫਾ ਨਹੀਂ ਮਿਲ ਸਕਿਆ। ਸਦਨ ਦੇ ਅੰਦਰ ਅਤੇ ਬਾਹਰ ਵਿਰੋਧੀਆਂ ਦੇ ਭਾਰੀ ਹੰਗਾਮੇ ਤੋਂ ਬਾਅਦ ਰਾਜ ਸਭਾ ਦੀ ਕਾਰਵਾਈ ਲਗਾਤਾਰ ਪੰਜ ਵਾਰੀ ਮੁਲਤਵੀ ਕਰਨੀ ਪਈ। ਬਿੱਲ ਪੇਸ਼ ਹੋਣ ਦੇ ਬਾਵਜੂਦ ਆਖਿਰਕਾਰ ਸਰਕਾਰ ਨੂੰ ਵਿਰੋਧੀਆਂ ਦੇ ਅੱਗੇ ਝੁਕਦੇ ਹੋਏ ਆਪਣੇ ਪੈਰ ਪਿੱਛੇ ਖਿੱਚਣੇ ਪਏ। ਮਹਿਲਾ ਰਾਖਵਾਂਕਰਨ ਬਿੱਲ 'ਤੇ ਅੱਜ ਵੋਟਿੰਗ ਨਹੀਂ ਕਰਵਾਈ ਗਈ। ਇਸ ਤੋਂ ਪਹਿਲਾਂ ਮਹਿਲਾ ਰਾਖਵਾਂਕਰਨ ਬਿੱਲ ਨੂੰ ਅੱਜ ਭਾਰੀ ਹੰਗਾਮੇ ਵਿਚਾਲੇ ਚਰਚਾ ਲਈ ਰਾਜ ਸਭਾ ਵਿਚ ਪੇਸ਼ ਕੀਤਾ ਗਿਆ। ਹਾਲਾਂਕਿ ਇਸ ਬਿੱਲ ਦੇ ਵਿਰੋਧ ਕਰ ਰਹੇ ਮੈਂਬਰਾਂ ਨੇ ਬਿੱਲ 'ਤੇ ਚਰਚਾ ਸ਼ੁਰੂ ਨਹੀਂ ਹੋਣ ਦਿੱਤੀ ਅਤੇ ਰਾਜ ਸਭਾ ਚੇਅਰਮੈਨ ਹਾਮਿਦ ਅੰਸਾਰੀ ਦੀ ਸੀਟ ਤੱਕ ਜਾ ਕੇ ਉਨ੍ਹਾਂ ਦੇ ਹੱਥਾਂ ਤੋਂ ਇਸ ਬਿੱਲ ਦੀਆਂ ਕਾਪੀਆਂ ਖੋਹਣ ਦੀ ਕੋਸ਼ਿਸ਼ ਕੀਤੀ। ਕਾਨੂੰਨ ਮੰਤਰੀ ਵੀਰੱਪਾ ਮੋਈਲੀ ਨੇ ਜਿਵੇਂ ਹੀ ਮਹਿਲਾ ਰਾਖਵਾਂ ਬਿੱਲ ਨੂੰ ਸਦਨ ਵਿਚ ਰੱਖਿਆ ਤਾਂ ਬਿੱਲ ਦਾ ਵਿਰੋਧ ਕਰ ਰਹੇ ਰਾਸ਼ਟਰੀ ਜਨਤਾ ਦਲ ਯੂਨਾਈਟਿਡ ਅਤੇ ਸਮਾਜਵਾਦੀ ਪਾਰਟੀ ਦੇ ਸਾਂਸਦ ਰਾਜ ਸਭਾ ਦੇ ਚੇਅਰਮੈਨ ਹਾਮਿਦ ਅੰਸਾਰੀ ਦੀ ਸੀਟ ਤੱਕ ਪਹੁੰਚ ਗਏ। ਰਾਜਦ ਸਾਂਸਦ ਸੁਭਾਸ਼ ਯਾਦਵ ਤੇ ਰਾਜਨੀਤੀ ਸਿੰਘ ਅਤੇ ਸਭਾ ਸਾਂਸਦ ਕਮਾਲ ਅਖ਼ਤਰ ਨੇ ਹਾਮਿਦ ਅੰਸਾਰੀ ਤੋਂ ਬਿੱਲ ਦੀਆਂ ਕਾਪੀਆਂ ਖੋਹ ਕੇ ਫਾੜ ਦਿੱਤੀਆਂ ਤੇ ਉਨ੍ਹਾਂ ਨੂੰ ਹਵਾ ਵਿਚ ਉਛਾਲ ਦਿੱਤਾ ਤੇ ਭਾਰੀ ਸ਼ੋਰ-ਸ਼ਰਾਬਾ ਕੀਤਾ, ਜਿਸ ਤੋਂ ਬਾਅਦ ਰਾਜ ਸਭਾ ਦੀ ਕਾਰਵਾਈ ਤਿੰਨ ਵਜੇ ਤੱਕ ਮੁਲਤਵੀ ਕਰਨੀ ਪਈ। ਸੰਸਦ ਦੇ ਇਤਿਹਾਸ ਵਿਚ ਇਹ ਪਹਿਲੀ ਸ਼ਰਮਨਾਕ ☛(ਬਾਕੀ ਸਫਾ 2 'ਤੇ)

ਸਪਾ ਤੇ ਰਾਜਦ ਵੱਲੋਂ ਸਰਕਾਰ ਤੋਂ ਹਮਾਇਤ ਵਾਪਸ ਲੈਣ ਦਾ ਐਲਾਨ

ਨਵੀਂ ਦਿੱਲੀ, 8 ਮਾਰਚ (ਵਿਸ਼ਵ ਵਾਰਤਾ)- ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਅੱਜ ਮਹਿਲਾ ਰਾਖਵਾਂਕਰਨ ਬਿੱਲ ਦੇ ਵਿਰੋਧ ਵਿਚ ਡਟ ਕੇ ਸਾਹਮਣੇ ਆ ਗਏ। ਦੋਨਾਂ ਪਾਰਟੀਆਂ ਨੇ ਕਿਹਾ ਹੈ ਕਿ ਜੇਕਰ ਮਹਿਲਾ ਰਾਖਵਾਂਕਰਨ ਬਿੱਲ ਪਾਸ ਕਰਵਾਇਆ ਗਿਆ ਤਾਂ ਉਹ ਸਰਕਾਰ ਤੋਂ ਆਪਣੀ ਹਮਾਇਤ ਵਾਪਸ ਲੈ ਲੈਣਗੇ। ਸਪਾ ਪ੍ਰਮੁੱਖ ਮੁਲਾਇਮ ਸਿੰਘ ਯਾਦਵ ਅਤੇ ਰਾਜਦ ਪ੍ਰਮੁੱਖ ਲਾਲੂ ਪ੍ਰਸਾਦ ਯਾਦਵ ਨੇ ਸੰਸਦ ਭਵਨ ਦੇ ਬਾਹਰ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿਚ ਕਿਹਾ ਕਿ ਜੇਕਰ ਇਹ ਬਿੱਲ ਪਾਸ ਕਰਵਾਇਆ ਗਿਆ ਤਾਂ ਅਸੀਂ ਸਰਕਾਰ ਤੋਂ ਆਪਣੀ ਹਮਾਇਤ ਵਾਪਸ ਲੈ ਲਵਾਂਗੇ। ਲਾਲੂ ਯਾਦਵ ਨੇ ਕਿਹਾ ਕਿ ਇਹ ਇਕ ਰਾਜਨੀਤਿਕ ਡਕੈਤੀ ਅਤੇ ਲੋਕਤਾਂਤ੍ਰਿਕ ਤਾਨਾਸ਼ਾਹੀ ਹੈ। ਜਿਸ ਨੂੰ ਕਿਸੇ ਵੀ ਕੀਮਤ ਉਤੇ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਘੱਟ ਗਿਣਤੀਆਂ ਦੇ ਜ਼ੋਰ ਉਤੇ ਸੱਤਾ ਵਿਚ ਆਈ ਅਤੇ ਹੁਣ ਉਨ੍ਹਾਂ ਦੇ ਨਾਲ ਹੀ ਧੋਖਾ ਕਰ ਰਹੀ ਹੈ। ਲੋਕ ਸਭਾ ਵਿਚ ਸਪਾ ਦੇ 21 ਅਤੇ ਰਾਜਦ ਦੇ 4 ਮੈਂਬਰ ਹਨ। ਇਨ੍ਹਾਂ ਦੇ ਸਮਰਥਨ ਵਾਪਸ ਲੈ ਲੈਣ ਦੀ ਸਥਿਤੀ ਵਿਚ ਵੀ ਸਰਕਾਰ ਦਾ ਬਹੁਮਤ ਬਰਕਰਾਰ ਰਹੇਗਾ। ਬਾਅਦ ਵਿਚ ਇਨ੍ਹਾਂ ਮੁਲਾਇਮ ਸਿੰਘ ਯਾਦਵ ਅਤੇ ਲਾਲੂ ਪ੍ਰਸਾਦ ਯਾਦਵ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕੀਤੀ। ਦੋਨਾਂ ਨੇਤਾਵਾਂ ਨੇ ਮਨਮੋਹਨ ਸਿੰਘ ਨੂੰ ਕਿਹਾ ਕਿ ਜੇਕਰ ਮਹਿਲਾ ਰਾਖਵਾਂਕਰਨ ਬਿੱਲ ਦੇ ਸਵਰੂਪ ਵਿਚ ਤਬਦੀਲੀ ਨਾ ਕੀਤੀ ਗਈ ਤਾਂ ਉਹ ਸਰਕਾਰ ਤੋਂ ਸਮਰਥਨ ਵਾਪਸ ਲੈਣ ਦੇ ਆਪਣੇ ਫੈਸਲੇ ਉਤੇ ਕਾਇਮ ਰਹਿਣਗੇ।

ਭਾਜਪਾ ਵੀ ਬੋਲੀ : ਬਿਨ੍ਹਾਂ ਚਰਚਾ ਤੋਂ ਵੋਟਿੰਗ ਨਹੀਂ ਕਰਾਂਗੇ

ਨਵੀਂ ਦਿੱਲੀ 8 ਮਾਰਚ (ਅਵਾਜ਼ ਨਿਊਜ਼ ਬਿਊਰੋ)-ਮਹਿਲਾ ਰਾਖਵੇਂਕਰਨ ਬਿੱਲ 'ਤੇ ਸਰਕਾਰ ਦਾ ਸਮਰਥਨ ਕਰ ਰਹੀ ਮੁੱਖ ਵਿਰੋਧੀ ਪਾਰਟੀ ਬੀ. ਜੇ. ਪੀ. ਨੇ ਸਰਕਾਰ 'ਤੇ ਬਿੱਲ ਪਾਸ ਕਰਵਾਉਣ ਦਾ ਇਕੱਲੇ ਕ੍ਰੈਡਿਟ ਲੈਣ ਦਾ ਦੋਸ਼ ਲਾਉਂਦੇ ਹੋਏ ਸੋਮਵਾਰ ਨੂੰ ਕਿਹਾ ਸੀ ਕਿ ਜੇਕਰ ਬਿੱਲ 'ਤੇ ਚਰਚਾ ਨਹੀਂ ਕਰਵਾਈ ਗਈ ਤਾਂ ਉਹ ਵੋਟਿੰਗ 'ਚ ਹਿੱਸਾ ਨਹੀਂ ਲੈਣਗੇ। ਭਾਜਪਾ ਨੇ ਇਸ ਰੁਖ ਦੇ ਚੱਲਦੇ ਮਹਿਲਾ ਰਾਖਵੇਂਕਰਨ ਬਿੱਲ 'ਤੇ ਸੋਮਵਾਰ ਨੂੰ ਵੋਟਿੰਗ ਨਹੀਂ ਹੋ ਸਕੀ। ਸਰਕਾਰ ਨੇ ਪਹਿਲਾ ਸ਼ਾਮ 6 ਵਜੇ ਦਾ ਸਮਾਂ ਰਾਜਸਭਾ 'ਚ ਬਿੱਲ ਚਰਚਾ ਦੇ ਮਹਿਲਾ ਰਾਖਵੇਂਕਰਨ ☛(ਬਾਕੀ ਸਫਾ 2 'ਤੇ)

ਸੰਸਦ 'ਚ ਬਿੱਲ ਕਾਪੀਆਂ ਫਾੜਨ ਦੀ ਘਟਨਾ ਦੀ ਵੱਖ-ਵੱਖ ਨੇਤਾਵਾਂ ਵੱਲੋਂ ਨਿਖੇਧੀ

ਨਵੀਂ ਦਿੱਲੀ, 8 ਮਾਰਚ (ਵਿਸ਼ਵ ਵਾਰਤਾ)- ਰਾਜ ਸਭਾ ਦੇ ਚੇਅਰਮੈਨ ਹਾਮਿਦ ਅੰਸਾਰੀ ਤੋਂ ਅੱਜ ਸੰਸਦ ਵਿਚ ਸਾਂਸਦਾਂ ਵੱਲੋਂ ਮਹਿਲਾ ਰਾਖਵਾਂਕਰਨ ਬਿੱਲ ਦੀਆ ਕਾਪੀਆਂ ਖੋਹ ਕੇ ਉਨ੍ਹਾਂ ਨੂੰ ਫਾੜਨ ਦੀ ਘਟਨਾ ਦੀ ਵੱਖ-ਵੱਖ ਪਾਰਟੀਆਂ ਦੇ ਨੇਤਾਵਾ ਨੇ ਨਿੰਦਾ ਕੀਤੀ ਹੈ। ਸੰਸਦ ਦੇ ਇਤਿਹਾਸ ਵਿਚ ਵਾਪਰੀ ਇਸ ਮੰਦਭਾਗੀ ਘਟਨਾ ਲਈ ਭਾਜਪਾ, ਕਾਂਗਰਸ ਅਤੇ ਖੱਬੇ ਪੱਖੀ ਪਾਰਟੀਟਾਂ ਦੇ ਉਚ ਨੇਤਾਵਾਂ ਨੇ ਦੁੱਖ ਪ੍ਰਗਟ ਕੀਤਾ ਹੈ ਤੇ ਇਸ ਘਅਨਾ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਰਾਜ ਸਭਾ ਦੀ ਕਾਰਵਾਈ ਖ਼ਤਮ ਹੋਣ ਤੋਂ ਬਾਅਦ ਪੀ. ਚਿਦੰਬਰਮ, ਪਵਨ ਕੁਮਾਰ ਬਾਂਸਲ, ਵ੍ਰਿੰਦਾ ਕਰਾਤ, ਸੀਤਾਰਾਮ ਯੇਚੁਰੀ ਅਤੇ ਹੋਰ ਵੱਖ-ਵੱਖ ਪਾਰਟੀ ਦੇ ਉਚ ਨੇਤਾਵਾਂ ਨੇ ਸਾਂਸਦਾਂ ਵੱਲੋਂ ਅੰਸਾਰੀ ਨਾਲ ਕੀਤੇ ਇਸ ਮਾੜੇ ਵਿਵਹਾਰ ਉਤੇ ਦੁੱਖ ਪ੍ਰਗਟ ਕੀਤਾ ਹੈ।

ਵਰਣਨਯੋਗ ਹੈ ਕਿ ਕਾਨੂੰਨ ਮੰਤਰੀ ਵੀਰੱਪਾ ਮੋਈਲੀ ਨੇ ਜਿਵੇਂ ਹੀ ਮਹਿਲਾ ਰਾਖਵਾਂ ਬਿੱਲ ਨੂੰ ਸਦਨ ਵਿਚ ਰੱਖਿਆ ਤਾਂ ਬਿੱਲ ਦਾ ਵਿਰੋਧ ਕਰ ਰਹੇ ਰਾਸ਼ਟਰੀ ਜਨਤਾ ਦਲ ਯੂਨਾਈਟਿਡ ਅਤੇ ਸਮਾਜਵਾਦੀ ਪਾਰਟੀ ਦੇ ਸਾਂਸਦ ਰਾਜ ਸਭਾ ਦੇ ਚੇਅਰਮੈਨ ਹਾਮਿਦ ਅੰਸਾਰੀ ਦੀ ਸੀਟ ਤੱਕ ਪਹੁੰਚ ਗਏ। ਰਾਜਦ ਸਾਂਸਦ ਸੁਭਾਸ਼ ਯਾਦਵ ਤੇ ਰਾਜਨੀਤੀ ਸਿੰਘ ਅਤੇ ਸਭਾ ਸਾਂਸਦ ਕਮਾਲ ਅਖ਼ਤਰ ਨੇ ਹਾਮਿਦ ਅੰਸਾਰੀ ਤੋਂ ਬਿੱਲ ਦੀਆਂ ਕਾਪੀਆਂ ਖੋਹ ਕੇ ਫਾੜ ਦਿੱਤੀਆਂ ਤੇ ਉਨ੍ਹਾਂ ਨੂੰ ਹਵਾ ਵਿਚ ਉਛਾਲ ਦਿੱਤਾ ਤੇ ਭਾਰੀ ਸ਼ੋਰ-ਸ਼ਰਾਬਾ ਕੀਤਾ।

ਐਸ.ਜੀ.ਪੀ.ਸੀ. ਚੋਣਾਂ ਬਾਦਲ ਵਿਰੋਧੀ ਅਕਾਲੀਆਂ ਨਾਲ ਮਿਲ ਕੇ ਲੜਾਂਗੇ- ਸਰਨਾ

ਬਾਦਲ ਦੇ ਚੀਨੇ ਸਰਨੇ ਦੀ ਛਤਰੀ 'ਤੇ...

ਨਵੀਂ ਟੀਮ ਦਾ ਐਲਾਨ ਹੋਇਆ

ਜਸਵਿੰਦਰ ਸਿੰਘ ਬਲੀਏਵਾਲ ਸਮੇਤ ਨਵੇਂ ਐਲਾਨੇ ਸ: ਗੁਰਮੀਤ ਸਿੰਘ, ਸ: ਗੁਰਦੀਪ ਸਿੰਘ ਗੋਸਾ ਪ੍ਰਧਾਨ ਯੂਥ ਵਿੰਗ ਪੰਜਾਬੀ, ਚੌਧਰੀ ਰਹਿਮਦੀਨ ਮਲੇਰਕੋਟਲਾ ਪ੍ਰਧਾਨ

ਲੁਧਿਆਣਾ, 8 ਮਾਰਚ (ਰਾਜ ਜੋਸ਼ੀ)- ਅੱਜ ਦੀ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੀ ਸਥਾਨਕ ਗੁਰਦੁਆਰਾ ਗੁਜਰਖਾਨ ਮਾਡਲ ਟਾਊਨ ਵਿਖੇ ਹੋਈ ਕਾਨਫਰੰਸ ਪੰਜਾਬ ਦੀ ਸਿੱਖ ਸਿਆਸਤ ਦਾ ਭਵਿੱਖ ਤਹਿ ਕਰੇਗੀ ਅਤੇ ਅਸੀਂ ਬਰਨਾਲਾ ਅਤੇ ਰਵੀਇੰਦਰ ਸਿੰਘ ਆਦਿ ਸਾਰਿਆਂ ਦਾ ਸਹਿਯੋਗ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਤੱਕ ਹੀ ਸੀਮਤ ਨਹੀਂ ਰੱਖਾਂਗੇ ਬਲਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਕਾਇਮ ਕਰਾਉਣ ਲਈ, ਸਿੱਖਾਂ ਦੀ ਕਾਲੀ ਸੂਚੀ ਖਤਮ ਕਰਾਉਣ ਲਈ ਪੰਜਾਬ ਵਿਚ ਬੰਦ ਨੌਜਵਾਨਾਂ ਦੀ ਰਿਹਾਈ ਕਰਾਉਣ ਦੇ ਨਾਲ- ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮਿਆਂ ਨੂੰ ਲਾਗੂ ਕਰਵਾਉਣ ਲਈ ਵੀ ਜੀ ਜਾਨ ਲਾਵਾਂਗੇ। ਇਹ ਸ਼ਬਦ ਅੱਜ ਇੱਥੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਕੌਮੀ ਪ੍ਰਧਾਨ ਸ: ਪਰਮਜੀਤ ਸਿੰਘ ਸਰਨਾ ਨੇ ਇੱਥੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਹੇ। ਉਨ੍ਹਾਂ ਨਾਲ ਪਾਰਟੀ ਦੇ ਪੰਜਾਬ ਪ੍ਰਧਾਨ ☛(ਬਾਕੀ ਸਫਾ 2 'ਤੇ)

ਕੇਂਦਰ ਨੇ ਸਰਨਾ ਰੂਪੀ ਹਾਥੀ ਸ਼ਿੰਗਾਰ ਕੇ ਪੰਜਾਬ ਭੇਜਿਆ-ਭਾਈ ਚਾਵਲਾ,ਖਾਲਸਾ

ਫੈਡਰੇਸ਼ਨ ਮਹਿਤਾ ਵੱਲੋਂ ਨਵੀਆਂ ਨਿਯੁਕਤੀਆਂ ਹੋਈਆਂ

ਲੁਧਿਆਣਾ- ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਦੀ ਵਿਸ਼ੇਸ਼ ਇਕੱਤਰਤਾ ਗੁਰਦੁਆਰਾ ਕਲਗੀਧਰ ਸਿੰਘ ਸਭਾ ਲੁਧਿਆਣਾ ਵਿਖੇ ਭਾਈ ਅਮਰਜੀਤ ਸਿੰਘ ਚਾਵਲਾ ਅਤੇ ਭਾਈ ਪਰਮਜੀਤ ਸਿੰਘ ਖਾਲਸਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਜਥੇਬੰਦੀ ਦੇ ਪ੍ਰਸਾਰ ਬਾਰੇ ਅਹਿਮ ਫੈਸਲੇ ਲਏ ਗਏ। ਇਸ ਮੌਕੇ ਨਵੀਆਂ ਨਿਯੁਕਤੀਆਂ ਕਰਦਿਆਂ ਭਾਈ ਮੇਜਰ ਸਿੰਘ ਖ਼ਾਲਸਾ ਨੂੰ ਸਿੱਖ ਸਟੂਡੈਂਟਸ ਫੈੱਡਰੇਸ਼ਨ ਦਾ ਸਕੱਤਰ ਜਨਰਲ ਅਤੇ ਭਾਈ ਪਵਿੱਤਰ ਸਿੰਘ ਬੋਪਾਰਾਏ ਨੂੰ ਪ੍ਰਧਾਨ ਲੁਧਿਆਣਾ ਸ਼ਹਿਰ ਬਣਾਇਆ ਗਿਆ। ਇਸ ਮੌਕੇ ਕੁਝ ਅਹਿਮ ਮਤੇ ਪਾਸ ਕੀਤੇ ਗਏ। ਮਤਾ ਨੰਬਰ 1-ਅਨੇਕਾਂ ਕੁਰਬਾਨੀਆਂ ਤੋਂ ਬਾਅਦ ਹੋਂਦ ਵਿਚ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਅਤੇ ਕਬਜ਼ਾ ਕਰਨ ਲਈ ਕਾਂਗਰਸ ਪਾਰਟੀ ਹਮੇਸ਼ਾ ਸਾਜ਼ਸ਼ੀ ਹੱਥਕੰਡੇ ਵਰਤਦੀ ਆਈ ਹੈ ਅਤੇ ਸਿੱਖ ਧਰਮ ਅੰਦਰ ਦਖ਼ਲਅੰਦਾਜ਼ੀ ਕਰਦੀ ਰਹੀ ਹੈ ਪਰ ਸਿੱਖ ਪੰਥ ਨੇ ਕਾਂਗਰਸ ਦੇ ਇਹਨਾਂ ਭੈੜੇ ਮਨਸੂਬਿਆਂ ਨੂੰ ਕਦੇ ਕਾਮਯਾਬ ਨਹੀਂ ਹੋਣ ਦਿੱਤਾ, ਪਰ ਅੱਜ ਫੇਰ ਕੇਂਦਰ ਸਰਕਾਰ ਅਤੇ ਕਾਂਗਰਸ ਵੱਲੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਰੂਪੀ ਹਾਥੀ ਨੂੰ ਸ਼ਿੰਗਾਰ ਕੇ ਪੰਜਾਬ ਅੰਦਰ ਭੇਜਿਆ ਗਿਆ। ਹੈ ਜਿਸ ਵੱਲੋਂ ਸਿੱਖ ਪੰਥ ਅੰਦਰ ਵੱਡੇ ਪੱਧਰ ਤੇ ਦੁਬਿਧਾ ਪਾ ਕੇ ☛(ਬਾਕੀ ਸਫਾ 2 'ਤੇ)

ਵਿਧਾਇਕਾਂ ਦੀਆਂ ਤਨਖਾਹਾਂ ਅਤੇ ਭੱਤੇ ਵਧਾਉਣ ਤੋਂ ਪਹਿਲਾਂ ਗਰੀਬਾਂ ਨੂੰ ਪੈਨਸ਼ਨਾਂ, ਸ਼ਗਨ ਤੇ ਵਜੀਫੇ ਦਿੱਤੇ ਜਾਣ-ਭੱਠਲ

☛ ਪੀ. ਪੀ. ਸੀ. ਦੇ ਘੋਟਾਲੇ, ਸੁਖਬੀਰ ਕਾਲੀਆ ਕਮੇਟੀ ਦੀਆਂ ਸਿਫਾਰਸ਼ਾਂ, ਲੋਕਾਂ 'ਤੇ ਤੱਸਦਦ ਦੇ ਮਾਮਲਿਆਂ ਨੂੰ ਸਦਨ 'ਚ ਜ਼ੋਰ ਸ਼ੋਰ ਨਾਲ ਉਠਾਵਾਂਗੇ ☛ ਔਰਤਾਂ ਦੇ ਰਾਖਵਾਂਕਰਨ ਦਾ ਵਿਰੋਧ ਕਰਨ ਵਾਲੇ ਲੀਡਰਾਂ ਦਾ ਜਨਤਕ ਵਿਰੋਧ ਕੀਤਾ ਜਾਵੇ

(ਫੋਟੋ : ਉੱਭੀ)

ਜਲੰਧਰ, 8 ਮਾਰਚ (ਹਰਪ੍ਰੀਤ ਸਿੰਘ ਲੇਹਿਲ, ਇਕਬਾਲ ਸਿੰਘ ਉੱਭੀ) ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਵਿਧਾਨ ਸਭਾ 'ਚ ਵਿਰਧੀ ਧਿਰ ਦ ਮੁਖ ਲਾਡਰ ਬਬਾ ਰਜਦਰ ਕਰ ਭਠਲ ਨ ਅਜ ਇੱਥੇ ਕਿਹਾ ਕਿ ਪੰਜਾਬ ਸਰਕਾਰ ਦਾ ਖਜਾਨਾ ਖਾਲੀ ਹੈ ਜਿਸ ਕਰਕੇ ਪਿਛਲੇ ਕਈ ਮਹੀਨਿਆਂ ਤੋਂ ਗਰੀਬ ਬਜੁਰਗਾਂ, ਵਿਧਵਾਵਾਂ, ਅੰਗਹੀਣਾਂ ਅਤੇ ਹੋਰ ਲੋੜਵੰਦਾਂ ਨੂੰ ਪੈਨਸ਼ਨਾਂ, ਲੜਕੀਆਂ ਨੂੰ ਸ਼ਗਨ ਅਤੇ ਵਿਦਿਆਰਥੀਆਂ ਨੂੰ ਵਜੀਫੇ ਨਹੀਂ ਮਿਲ ਰਹੇ। ਉਨ੍ਹਾਂ ਕਿਹਾ ਕਿ ਜੇ ਅਕਾਲੀ ਭਾਜਪਾ ਸਰਕਾਰ ਵੱਲੋਂ ਇਸ ਬਜਟ ਸ਼ੈਸ਼ਨ ਵਿੱਚ ਵਿਧਾਇਕਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿੱਚ ਵਾਧੇ ਦਾ ਮਤਾ ਪਾਸ ਕਰਨ ਲਈ ਲਿਆਂਇਆ ਜਾਂਦਾ ਹੈ ਤਾਂ ਕਾਂਗਰਸ ਉਸ ਦਾ ਇਸ ਆਧਾਰ 'ਤੇ ਵਿਰੋਧ ਕਰੇਗੀ ਕਿ ਵਿਧਾਇਕਾਂ ਨੂੰ ਗੱਫੇ ਦੇਣ ਤੋਂ ਪਹਿਲਾਂ ਸੂਬੇ ਦੇ ਗਰੀਬ ਬਜੁਰਗਾਂ, ☛(ਬਾਕੀ ਸਫਾ 2 'ਤੇ)

ਪੰਜਾਬ ਵਿਧਾਨ ਸਭਾ 'ਚ ਗੂੰਜਿਆ ਰਾਖਵੇਂਕਰਨ ਅਤੇ ਔਰਤਾਂ ਦੇ ਅਪਮਾਨ ਦਾ ਮੁੱਦਾ

ਮਹਿਲਾ ਦਿਵਸ ਦੀਆਂ ਖ਼ਬਰਾਂ ਅੰਦਰ ਪੜ੍ਹੋ

ਚੰਡੀਗੜ੍ਹ, 8 ਮਾਰਚ (ਹਰੀਸ਼ ਚੰਦਰ ਬਾਗਾਂਵਾਲਾ)- ਔਰਤਾਂ ਲਈ ਰਾਖਵਾਂਕਰਨ ਬਿੱਲ ਦੀ ਚਰਚਾ ਅੱਜ ਪੰਜਾਬ ਵਿਧਾਨ ਸਭਾ ਵਿਚ ਵੀ ਹੋਈ। ਜੀਰੋ ਆਵਰ ਦੇ ਸ਼ੁਰੂ ਹੁੰਦਿਆਂ ਪੰਜਾਬ ਦੀ ਕੈਬਨਿਟ ਮੰਤਰੀ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਨੇ ਇਹ ਮੁੱਦਾ ਸਦਨ ਵਿੱਚ ਉਠਾਇਆ ਉਹਨਾਂ ਸਦਨ ਦਾ ਧਿਆਨ ਔਰਤ ਦੇ ਰੂਪ ਦੀ ਸੜਕਾਂ ਗਲੀਆਂ ਵਿਚ ਬੇਹੂਦੀ ਨੁਮਾਇਸ਼ ਵੱਲ ਦੁਆਉਂਦਿਆਂ ਕਿਹਾ ਕਿ ਸਾਨੂੰ ਸਾਰੇ ਸਦਨ ਨੂੰ ਇਸ ਮੁੱਦੇ ਵੱਲ ਧਿਆਨ ਦੇ ਕੇ ਸਰਬਸੰਮਤੀ ਨਾਲ ਮਤਾ ਪਾਸ ਕਰਨਾ ਚਾਹੀਦਾ ਹੈ। ਮਤਾ ਪਾਸ ਕਰਕੇ ਸਾਰਿਆਂ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਇਹ ਹਦਾਇਤ ਕਰਨੀ ਚਾਹੀਦੀ ਹੈ ਕਿ ਮੁੱਖ ਸੜਕਾਂ ਠੇਕਿਆਂ ਤੇ ਹੋਰ ਇਸ਼ਤਿਹਾਰਾਂ ਜਿਹਨਾਂ ਵਿਚ ਔਰਤ ਦੇ ਅੱਧ ਨੰਗੇ ਸਰੀਰ ਦੀ ਨੁਮਾਇਸ਼ ਦੇ ਪੋਸਟਰ ਲੱਗੇ ਹਨ, ਤਰੁੰਤ ਹਟਾਏ ਜਾਣ। ਜੇ ਅਜਿਹਾ ਨਹੀਂ ਹੁੰਦਾ ਤਾਂ ਮਹਿਲਾ ਦਿਵਸ ਬੇਟੀ ਦਿਵਸ ਜਾਂ ਰਾਖਵਾਂਕਰਨ ਵਰਗੀਆਂ ਗੱਲਾਂ ਸਭ ਖੋਖਲੀਆਂ ☛(ਬਾਕੀ ਸਫਾ 2 'ਤੇ)

ਸ੍ਰੀ ਗੁਰੂ ਹਰਿਰਾਏ ਜੀ ਦਾ ਗੁਰਤਾਗੱਦੀ ਦਿਵਸ 'ਵਾਤਾਵਰਣ ਸੰਭਾਲ ਦਿਵਸ' ਵਜੋਂ ਮਨਾਵਾਂਗੇ-ਜਥੇ: ਅਵਤਾਰ ਸਿੰਘ

ਸ਼੍ਰੋਮਣੀ ਕਮੇਟੀ ਦਾ ਬਜ਼ਟ ਸਮਾਗਮ 31 ਮਾਰਚ ਨੂੰ

ਦੋਰਾਹਾ/ਦੇਗਸਰ ਕਟਾਣਾ ਸਾਹਿਬ (ਪ.ਪ.)- 8 ਮਾਰਚ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਜੀ ਦਾ ਗੁਰਤਾਗੱਦੀ ਦਿਵਸ (14 ਮਾਰਚ) 'ਵਾਤਾਵਰਣ ਸੰਭਾਲ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਗੁਰੂ ਹਰਿਰਾਏ ਜੀ ਨੇ ਵਾਤਾਵਰਣ ਦੀ ਸੰਭਾਲ ਕਰਦਿਆਂ ਆਪਣੇ ਜੀਵਨ ਕਾਲ ਦੌਰਾਨ ਅਨੇਕਾਂ ਬਾਗ-ਬਗੀਚੇ ਸਥਾਪਿਤ ਕੀਤੇ ਅਤੇ ਸੰਗਤਾਂ ਨੂੰ ਵੀ ਵਾਤਾਵਰਣ ਦੀ ਸੰਭਾਲ ਕਰਨ ਅਤੇ ਸੁੰਦਰ ਬਨਾਉਣ ਲਈ ਪ੍ਰੇਰਿਆ। ਪਰ ਅੱਜ ਵਧ ਰਹੇ ਪ੍ਰਦੂਸ਼ਣ ਅਤੇ ਘੱਟ ਰਹੀ ਹਰਿਆਵਲ ਨੇ ਵਾਤਾਵਰਣ ਦਾ ਸੰਤੁਲਨ ਵਿਗਾੜ ਦਿੱਤਾ ਹੈ, ਜਿਸ ਨਾਲ ਮਨੁੱਖੀ ਜੀਵਨ ਅਤੇ ਕੁਦਰਤੀ ਸਾਧਨਾਂ ਦੀ ਹੋਂਦ ਨੂੰ ਵੀ ਖਤਰਾ ਪੈਦਾ ਹੋ ਗਿਆ ਹੈ। ਇਸ ਲਈ ਸ਼੍ਰੋਮਣੀ ਕਮੇਟੀ ਵਲੋਂ ਸਤਵੇਂ ਪਾਤਸ਼ਾਹ ਗੁਰੂ ਹਰਿਰਾਏ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ 14 ਮਾਰਚ ਦਾ ਦਿਹਾੜਾ ਢੁਕਵੇਂ ਥਾਵਾਂ 'ਤੇ ਰੁੱਖ ਲਗਾ ਕੇ ਵਾਤਾਵਰਣ ਦੀ ਸੰਭਾਲ ਵਜੋਂ ਮਨਾਇਆ ਜਾਵੇਗਾ। ਇਹ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸਥਾਨਕ ਗੁਰਦੁਆਰਾ ਸਾਹਿਬ ਦੇ ਇਕੱਤਰਤਾ ਹਾਲ ਵਿਚ ਉਨ੍ਹਾਂ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਉਪਰੰਤ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦਿਤੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦਿਨ ਇਕ ਲੱਖ ਪੌਦੇ ਲਾਏ ਜਾਣ ਦਾ ਟੀਚਾ ਮਿਥਿਆ ਹੈ, ਜੋ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ ਵਲੋਂ ਆਪਣੇ ਪ੍ਰਬੰਧ ਅਧੀਨ ਵਿਦਿਅਕ ਅਦਾਰਿਆਂ ਤੇ ਇਤਿਹਾਸਕ ਗੁਰਧਾਮਾਂ ਦੇ ਪ੍ਰਬੰਧਕਾਂ, ਲੋਕਲ ਕਮੇਟੀਆਂ, ਸਿੱਖ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਪੂਰਾ ਕੀਤਾ ☛(ਬਾਕੀ ਸਫਾ 2 'ਤੇ)

ਹੁੱਡਾ ਵੱਲੋਂ ਮਹਿਲਾਵਾਂ ਲਈ ਤਿੰਨ ਰਾਜ ਪੁਰਸਕਾਰ ਸ਼ੁਰੂ ਕਰਨ ਦਾ ਐਲਾਨ

ਚੰਡੀਗੜ੍ਹ, 8 ਮਾਰਚ (ਵਿਸ਼ਵ ਵਾਰਤਾ)- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਭੁਪਿੰਦਰ ਸਿੰਘ ਹੁੱਡਾ ਨੇ ਅੱਜ ਕੌਮਾਂਤਰੀ ਮਹਿਲਾ ਦਿਵਸ ਦੇ ਮੌਕੇ 'ਤੇ ਮਹਿਲਾਵਾਂ ਨੂੰ ਆਪਣੀ ਪਸੰਦ ਦੇ ਖੇਤਰਾਂ ਵਿਚ ਪ੍ਰੋਤਸਾਹਿਤ ਅਤੇ ਸਨਮਾਨਿਤ ਕਰਨ ਦੇ ਲਈ ਤਿੰਨ ਰਾਜ ਪੁਰਸਕਾਰ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਹਰਿਆਣਾ ਦੀ ਵਧੀਆ ਮਹਿਲਾਵਾਂ ਨੂੰ ਸਨਮਾਨਿਤ ਕਰਨ ਦੇ ਲਈ ਇੱਥੇ ਆਯੋਜਿਤ ਇਕ ਰਾਜ ਪੱਧਰੀ ਸਮਾਰੋਹ ਵਿਚ ਬੋਲਦੇ ਹੋਏ ਕਿਹਾ ਕਿ "ਇੰਦਰਾ ਗਾਂਧੀ ਮਹਿਲਾ ਸ਼ਕਤੀ ਪੁਰਸਕਾਰ" ਨਾਮੀਂ ਪਹਿਲਾ ਰਾਜ ਪੱਧਰੀ ਪੁਰਸਕਾਰ ਦੇ ਤਹਿਤ ਇਕ ਲੱਖ ਰੁਪਏ ਦੀ ਨਗਦ ਰਕਮ ਦਿੱਤੀ ਜਾਵੇਗੀ। 51,000 ਰੁਪਏ ਦਾ ਦੂਜਾ ਪੁਰਸਕਾਰ "ਕਲਪਨਾ ਚਾਵਲਾ ਬਹਾਦੁਰੀ ਪੁਰਸਕਾਰ" ਕਿਹਾ ਜਾਵੇਗਾ ਅਤੇ ਇਹ ਪੁਰਸਕਾਰ ਹਰਿਆਣਾ ਵਿਚ ਜੰਮੀ ਪੁਲਾੜ ਯਾਤਰੀ ਸ੍ਰੀਮਤੀ ਕਲਪਨਾ ਚਾਵਲਾ ਦੀ ਯਾਦ ਵਿਚ ਦਿੱਤਾ ਜਾਵੇਗਾ। ਇਸੇ ਤਰ੍ਹਾਂ ਤੀਜੇ ਪੁਰਸਕਾਰ ਦਾ ਨਾਂਅ ਹਰਿਆਣਾ ਵਿਧਾਨ ਸਭਾ ਦੀ ਪਹਿਲੀ ਮਹਿਲਾ ਸਪੀਕਰ ਸ੍ਰੀਮਤੀ ਸਨੋ ਦੇਵੀ ਦੇ ਨਾਂਅ 'ਤੇ ਰੱਖਿਆ ਜਾਵੇਗਾ ਅਤੇ ਇਸ ਦੇ ਤਹਿਤ ਵੀ 51,000 ਰੁਪਏ ☛(ਬਾਕੀ ਸਫਾ 2 'ਤੇ)

ਰਾਠੌੜ ਨੇ ਹਮਲਾਵਰ ਵਿਰੁੱਧ ਕੇਸ ਦਰਜ ਕਰਾਇਆ

ਚੰਡੀਗੜ੍ਹ, 8 ਮਾਰਚ (ਹਰੀਸ਼ ਚੰਦਰ ਬਾਗਾਂਵਾਲਾ)- ਬਹੁ-ਚਰਚਿਤ ਰੁਚਿਕਾ ਗਿਰਹੋਤਰਾ ਮਾਮਲੇ ਵਿੱਚ ਦੋਸ਼ੀ ਠਹਿਰਾਏ ਗਏ ਹਰਿਆਣਾ ਦੇ ਡੀ.ਜੀ.ਪੀ.,ਐਸ.ਪੀ.ਐਸ. ਰਾਠੌੜ ਨੇ ਉਤਸਵ ਸ਼ਰਮਾ ਖ਼ਿਲਾਫ ਸ਼ਿਕਾਇਤ ਦਰਜ ਕਰਵਾਈ ਹੈ। ਬੀਤੀ 8 ਫਰਵਰੀ ਨੂੰ ਜ਼ਿਲ੍ਹਾ ਅਦਾਲਤ ਕੰਪਲੈਕਸ ਵਿੱਚ ਉਤਸਵ ਨੇ ਰਾਠੌੜ 'ਤੇ ਚਾਕੂਆਂ ਨਾਲ ਹਮਲਾ ਕੀਤਾ ਸੀ। ਪੁਲਿਸ ਇੰਚਾਰਜ ਜਸਵਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਰਾਠੌੜ ਵੱਲੋਂ ਸ਼ਿਕਾਇਤ ਮਿਲੀ ਹੈ। ਉਹਨਾਂ ਨੇ ਮੰਗ ਕੀਤੀ ਹੈ ਕਿ ਹਮਲਾਵਰ ਨੂੰ ਧਾਰਾ 307 ਦੇ ਤਹਿਤ ਗ੍ਰਿਫ਼ਤਾਰ ਕੀਤਾ ਜਾਵੇ। ਜਸਵਿੰਦਰ ਸਿੰਘ ਨੇ ਕਿਹਾ ਕਿ ਸਾਡੀ ਜਾਂਚ ਜਾਰੀ ਹੈ। ਪੁਲਿਸ ਇਸ ਸ਼ਿਕਾਇਤ ਨਾਲ ਜੁੜੇ ਵੱਖ-ਵੱਖ ਤੱਥਾਂ ਅਤੇ ਅੰਕੜਿਆਂ ਦੇ ਆਧਾਰ 'ਤੇ ਤਫ਼ਤੀਸ਼ ਕਰ ਰਹੀ ਹੈ। ਉਧਰ, ਰਾਠੌੜ ਨੇ ਇੱਕ ਬਿਆਨ ਵਿੱਚ ਕਿਹਾ ਕਿ ਹਮਲੇ ਤੋਂ ਤੁਰੰਤ ਬਾਅਦ ਮੈਂ ਹਸਪਤਾਲ ਚਲਿਆ ਗਿਆ ਸੀ। ਮੈਂ ਪੁਲਿਸ ਨੂੰ ਕਿਹਾ ਸੀ ਕਿ ਕੁਝ ਪੁਲਿਸ ਅਧਿਕਾਰੀਆਂ ਵੱਲੋਂ ਇਸ ਸੰਬੰਧ ☛(ਬਾਕੀ ਸਫਾ 2 'ਤੇ)

ਕਮਜ਼ੋਰ ਵਰਗਾਂ ਦੀ ਖੁਸ਼ਹਾਲੀ ਲਈ ਚੌਧਰੀ ਮੀਹਾਂ ਰਾਮ ਵਰਗੀਆਂ ਸਖਸ਼ੀਅਤਾਂ ਦੀ ਭਾਰੀ ਲੋੜ-ਕੇ.ਪੀ. ਚੌਧਰੀ

ਜਲੰਧਰ, 8 ਮਾਰਚ (ਹਰਪ੍ਰੀਤ ਸਿੰਘ ਲੇਹਲ)- ਹਰ ਵਰਗ ਦੀ ਖੁਸ਼ਹਾਲੀ ਸਿਆਸੀ ਪ੍ਰਸ਼ਾਸ਼ਨਿਕ ਤੇ ਕਾਰੋਬਾਰੀ ਖੇਤਰਾਂ ਵਿੱਚ ਮਜ਼ਬੂਤ ਹਿੱਸੇਦਾਰੀ ਹਾਸਲ ਕਰਨ ਦੇ ਉਦੇਸ਼ ਪੂਰੇ ਕਰਨ ਲਈ ਸਮਾਜ ਨੂੰ ਚੌਧਰੀ ਮੀਹਾਂ ਰਾਮ ਵਰਗੇ ਇਮਾਨਦਾਰ ਸਰਕਾਰੀ ਅਧਿਕਾਰੀਆਂ, ਸਮਾਜ ਸੇਵੀਆਂ ਤੇ ਧਰਮ ਪ੍ਰਚਾਰਕਾਂ ਦੀ ਵੱਡੀ ਲੋੜ ☛(ਬਾਕੀ ਸਫਾ 2 'ਤੇ)

ਪਾਕਿ 'ਚ ਐਫ.ਆਈ.ਏ. ਦੀ ਬਿਲਡਿੰਗ 'ਤੇ ਅੱਤਵਾਦੀ ਹਮਲਾ, 11 ਮਰੇ

ਲਾਹੌਰ, 8 ਮਾਰਚ (ਵਿਸ਼ਵ ਵਾਰਤਾ)- ਪਾਕਿਸਤਾਨ ਦੇ ਲਾਹੌਰ ਵਿਚ ਅੱਜ ਅੱਤਵਾਦੀਆਂ ਨੇ ਧਮਾਕਾ ਕਰਕੇ 26/11 ਦੇ ਹਮਲਿਆਂ ਦੀ ਜਾਂਚ ਕਰ ਰਹੀ ਐਫ.ਆਈ.ਏ. ਦੀ ਬਿਲਡਿੰਗ ਨੂੰ ਉਡਾ ਦਿੱਤਾ। ਇਸ ਹਮਲੇ ਵਿਚ 2 ਔਰਤਾਂ ਸਮੇਤ 11 ਲੋਕਾ ਦੀ ਮੌਤ ਹੋ ਗਈ ਅਤੇ 60 ਤੋਂ ਜ਼ਿਆਦਾ ਜ਼ਖਮੀ ਹੋ ਗਏ। ਸੂਤਰਾਂ ਅਨੁਸਾਰ ਇਹ ਇਕ ਜ਼ਬਰਦਸਤ ☛(ਬਾਕੀ ਸਫਾ 2 'ਤੇ)

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਜੀ ਦੀ ਮਾਤਾ ਨਮਿੱਤ ਸ਼ਰਧਾਂਜਲੀ ਸਮਾਰੋਹ 16 ਨੂੰ

ਸੰਤਾਂ, ਮਹਾਂਪੁਰਸ਼ਾਂ ਅਤੇ ਰਾਜਸੀ ਆਗੂਆਂ ਵੱਲੋਂ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ

ਜਲੰਧਰ 8 ਮਾਰਚ (ਮਲਕੀਤ ਸਿੰਘ ਬਰਾੜ)-20ਵੀਂ ਸਦੀ ਦੇ ਮਹਾਨ ਜਰਨੈਲ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਵੱਡੇ ਭਰਾਤਾ ਸ਼ਹੀਦ ਭਾਈ ਜਗੀਰ ਸਿੰਘ ਜੀ ਦੀ ਧਰਮ ਸੁਪਤਨੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਹਿਬ ਭਾਈ ਜਸਵੀਰ ਸਿੰਘ ਖਾਲਸਾ, ਰੂਪੋਸ਼ ਰਹਿ ਕੇ ਸਿੱਖ ਧਰਮ ਯੁੱਧ ਮੋਰਚੇ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਭਾਈ ਲਖਵੀਰ ਸਿੰਘ ਰੋਡੇ, ਸਿੱਖ ਧਰਮ ਯੁੱਧ ਮੋਰਚੇ ਦੇ ਸ਼ਹੀਦ ਭਾਈ ਸਵਰਨ ਸਿੰਘ, ਭਾਈ ਹਰਦਿਆਲ ਸਿੰਘ ਦੁਬਈ ਅਤੇ ਭਾਈ ਜਗਤਾਰ ਸਿੰਘ ਰੋਡੇ ਦੇ ਸਤਿਕਾਰਯੋਗ ਮਾਤਾ ਬੀਬੀ ਗੁਰਦੇਵ ਕੌਰ 82 ਸਾਲਾਂ ਦੀ ਉਮਰ ਵਿੱਚ ਐਤਵਾਰ ਦੀ ਸਵੇਰੇ ਅਕਾਲ ਚਲਾਣਾ ਕਰ ਗਏ ਸਨ, ਨਮਿੱਤ ਸ਼ਰਧਾਂਜਲੀ ਸਮਾਰੋਹ 16 ਮਾਰਚ 2010 ਦਿਨ ਮੰਗਲਵਾਰ ਨੂੰ ਪਿੰਡ ਰੋਡੇ ਨੇੜੇ ਬਾਘਾ ਪੁਰਾਣਾ ਵਿਖੇ ਰੱਖਿਆ ਗਿਆ ਹੈ। ਸਿਰੜ ਦੀ ਮੂਰਤ ਮਾਤਾ ਗੁਰਦੇਵ ਕੌਰ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਐਤਵਾਰ ਨੂੰ ਦੁਪਹਿਰ ਬਾਅਦ ਪਿੰਡ ਗੁਰੂਪੁਰ ਰੋਡੇ (ਮੋਗਾ) ਵਿਖੇ ਸੰਗਤ ਦੀ ਭਾਰੀ ਹਾਜ਼ਰੀ ਦਰਮਿਆਨ ਗੁਰਮਰਿਆਦਾ ਅਨੁਸਾਰ ਕੀਤਾ ਗਿਆ। ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਸਕਾਰ ਦੀ ਅਰਦਾਸ ਕਰਨ ਉਪਰੰਤ ਬੀਬੀ ਗੁਰਦੇਵ ਕੌਰ ਦੀ ਚਿਤਾ ਨੂੰ ਅਗਨੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ, ਭਾਈ ਜਗਤਾਰ ਸਿੰਘ, ਭਾਈ ਈਸ਼ਰ ਸਿੰਘ (ਸਪੁੱਤਰ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ) ਤੇ ਹੋਰ ਪਰਿਵਾਰਕ ਮੈਂਬਰਾਂ ਨੇ ਵਿਖਾਈ।

ਇਸ ਦੌਰਾਨ ਪ੍ਰਮੁੱਖ ਸੰਤਾਂ ਮਹਾਂਪੁਰਸ਼ਾਂ, ਧਾਰਮਿਕ ਸ਼ਖ਼ਸੀਅਤਾਂ, ਰਾਜਸੀ ਆਗੂਆਂ ਅਤੇ ਇਲਾਕੇ ਭਰ ☛(ਬਾਕੀ ਸਫਾ 2 'ਤੇ)

'ਅੱਜ ਦੀ ਆਵਾਜ਼' ਦੇ ਸਮੂਹ ਸਟਾਫ਼ ਵੱਲੋਂ ਮਾਤਾ ਗੁਰਦੇਵ ਕੌਰ ਦੇ ਅਕਾਲ ਚਲਾਣੇ 'ਤੇ ਡੂੰਘੇ ਦੁਖ ਦਾ ਪ੍ਰਗਟਾਵਾ

ਜਲੰਧਰ, 8 ਮਾਰਚ (ਆਵਾਜ਼ ਨਿਊਜ਼ ਸਰਵਿਸ) ਰੋਜ਼ਾਨਾ 'ਅੱਜ ਦੀ ਆਵਾਜ਼' ਦਫ਼ਤਰ ਵਿੱਚ ਅੱਜ ਇਕ ਸ਼ੋਕ ਸਭਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ ਅਤੇ ਰੋਜ਼ਾਨਾ ਅੱਜ ਦੀ ਆਵਾਜ਼ ਦੇ ਸੰਚਾਲਕ ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਹੋਰਾਂ ਦੇ ਸਤਿਕਾਰ ਯੋਗ ਮਾਤਾ ਗੁਰਦੇਵ ਕੌਰ ਜੀ ਦੇ ਅਚਾਨਕ ਅਕਾਲ ਚਲਾਣੇ 'ਤੇ ਡੂੰਘਾ ਦੁਖ ਪ੍ਰਗਟ ਕੀਤਾ ਗਿਆ। ਅਖਬਾਰ ਦੇ ਸੰਪਾਦਕੀ ਸਟਾਫ, ਕੰਪਿਊਟਰ, ਅਕਾਊਂਟਸ ਅਤੇ ਪ੍ਰਿੰਟਿੰਗ ਵਿਭਾਗ ਦੇ ਸਟਾਫ ਵੱਲੋਂ ਕਾਰਜਕਾਰੀ ਸੰਪਾਦਕ ਸ. ਬਲਜੀਤ ਸਿੰਘ ਬਰਾੜ, ☛(ਬਾਕੀ ਸਫਾ 2 'ਤੇ)

ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਜਰਮਨੀ ਵੱਲੋਂ ਮਾਤਾ ਗੁਰਦੇਵ ਕੌਰ ਦੇ ਅਕਾਲ ਚਲਾਣੇ 'ਤੇ ਦੁਖ ਦਾ ਪ੍ਰਗਟਾਵਾ

ਜਰਮਨੀ (ਗ.ਸ.ਬਰਾੜ) ਕੱਲ 7 ਮਾਰਚ 2010 ਨੂੰ ਸਵੇਰੇ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਮਾਤਾ ਜੀ ਗੁਰਦੇਵ ਕੌਰ ਅਕਾਲ ਚਲਾਣੇ ਕਰ ਗਏ। ਮਾਤਾ ਜੀ ਜਲੰਧਰ ਵਿਖੇ ਸਿੰਘ ਸਹਿਬ ਜਸਵੀਰ ਸਿੰਘ ਜੀ ਕੋਲ ਰਹਿੰਦੇ। ਜਦੋਂ ਸ੍ਰੀ ਦਰਬਾਰ ਸਾਹਿਬ ਉਪਰ ਇੰਡੀਆ ਦੀ ਫੌਜ ਹਮਲਾ ਕਰੇਗੀ ਤਦ ਹੀ ਖਾਲਿਸਤਾਨ ਦੀ ਨੀਹ ਰੱਖੀ ਜਾਵੇਗੀ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਦੇ ਇਹਨਾਂ ਬੋਲਾਂ ਤੇ ਪਹਿਰਾ ਦੇਂਦੇ ਹੋਏ ਭਾਈ ਲਖਵੀਰ ਸਿੰਘ ਜੀ ਲੰਮੇ ਸਮੇ ਤੋ ਸਿੱਖ ਕੌਮ ਦੇ ਵਿਡੇ ਸੰਘਰਸ਼ ਆਪਣੇ ਘਰ ਖਾਲਿਸਤਾਨ ਲਈ ਆਪਣਾ ਯੋਗਦਾਨ ਪਾ ਰਹੇ ਹਨ। ਉਹ ਸਰੀਰਕ ਤੌਰ ਤੇ ਆਪਣੇ ਘਰਦਿਆਂ ਤੋਂ ਦੂਰ ਹੁੰਦਿਆਂ ☛(ਬਾਕੀ ਸਫਾ 2 'ਤੇ)

...an effort Dedicated to the service of humanity

ਸੰਤ ਜਸਵੰਤ ਸਿੰਘ ਹਸਪਤਾਲ

AN ISO 9001:2008 CERTIFIED HOSPITAL

ਵੱਲੋਂ 10 ਮਾਰਚ 2010 ਨੂੰ

ਮੁਫ਼ਤ ਕੈਂਸਰ ਚੈਕਅਪ ਕੈਂਪ

ਲਗਾਇਆ ਜਾ ਰਿਹਾ ਹੈ।

ਜਿਸ ਵਿੱਚ AIMS, ਫਰੀਦਾਬਾਦ ਦੇ ਪ੍ਰਸਿੱਧ ਡਾਕਟਰ ਮਰੀਜ਼ਾਂ ਦਾ ਚੈਕਅਪ ਕਰਨਗੇ।

SJS

77-ਮੇਨ ਰੋਡ ਦਕੋਹਾ, ਜਲੰਧਰ ਕੈਂਟ

ਸੰਪਰਕ : ਡਾ. ਅਤਿਰਪ੍ਰਨੀਤ

ਮੋਬਾਇਲ - 98153-46823